ਸ਼੍ਰੇਣੀ ਚੌਥੀ (ਪਾਠਕ੍ਰਮ)

2021-22

ਸਮਾਂ: 3 ਘੰਟੇ ਕੁੱਲ ਅੰਕ: 100

ਅਧਿਆਇ 1	ਬੇਟੀ ਆਈ ਖ਼ੁਸ਼ੀ ਲਿਆਈ:- ਵਰਤਮਾਨ ਸਮੇਂ/ ਅੱਜ ਦੀ ਬੰਸਾਵਲੀ (Family Tree); ਪਰਿਵਾਰਕ ਮੈਂਬਰਾਂ ਦਾ ਇਕੱਠੇ ਰਹਿਣਾ ਅਤੇ ਇਸ ਵਿੱਚ ਸਮੇਂ ਨਾਲ ਬਦਲਾਵ; ਮਾਂ-ਬੱਚੇ ਦਾ ਰਿਸ਼ਤਾ; ਖ਼ੂਨ ਦੇ ਰਿਸ਼ਤੇ ਤੋਂ ਬਿਨਾਂ ਪਾਲਣ-ਪੋਸ਼ਣ ਕਰਨ ਵਾਲੇ ਮਾਪੇ ਅਤੇ ਗੋਦ ਲੈਣਾ; ਪਰਿਵਾਰਕ ਕਦਰਾਂ ਕੀਮਤਾਂ, ਚੰਗੀਆਂ ਆਦਤਾਂ ਜਾਤ-ਪਾਤ ਅਤੇ ਧਰਮ; ਲਿੰਗ ਅਤੇ ਕਮਾਉਣ-ਸਮਰੱਥਾ ਦਾ ਫ਼ੈਸਲੇ ਲੈਣ 'ਤੇ ਅਸਰ।
ਅਧਿਆਇ 2	ਪਾਰਕ ਦੀ ਸੈਰ:- ਛੂਹਣ ਦੀ ਸੰਵੇਦਨਾ (ਸਪਰਸ਼ ਬੋਧ); ਪਿਆਰ ਅਤੇ ਥੱਪੜ ਪ੍ਰਤੀ ਭਾਵਨਾਤਮਕ ਪ੍ਰਤੀਕਰਮ; ਸੁੰਘਣ ਦੀ ਸੰਵੇਦਨਾ-ਖ਼ੁਸ਼ਬੂ/ ਬਦਬੂ; ਛੂਹ ਕੇ ਜਾਂ ਸੁੰਘ ਕੇ ਪਦਾਰਥਾਂ/ ਵਿਅਕਤੀਆਂ ਦੀ ਪਹਿਚਾਨ ਕਰਨਾ; ਜੰਤੂਆਂ ਦਾ ਛੋਹ ਪ੍ਰਤੀ ਪ੍ਰਤੀਕਰਮ; ਛੋਹ ਚੰਗੀ ਜਾਂ ਬੁਰੀ ਲੱਗਣੀ।
ਅਧਿਆਇ 3	ਮੇਲੇ ਅਤੇ ਖੇਡਾਂ:- ਮੇਲੇ ਅਤੇ ਪਤੰਗ ਉਡਾਉਣਾ-ਮਨੋਰੰਜਨ ਦੇ ਸਾਧਨਾਂ ਵਜੋਂ। ਖੇਡਣ ਲਈ ਲੋੜੀਂਦੀਆਂ ਵਸਤੂਆਂ, ਕੌਣ ਮੁਹੱਈਆ ਕਰਦਾ ਹੈ; ਖੇਡਾਂ ਦੇ ਨਿਯਮ; ਖੇਡ ਦੌਰਾਨ ਲੜਾਈ-ਝਗੜਾ ਅਤੇ ਮਿਲਵਰਤਨ, ਰਲ ਮਿਲ ਕੇ ਖੇਡਣਾ ਖੇਡਣ ਉੱਤੇ ਲਿੰਗ 'ਤੇ ਆਧਾਰਿਤ ਪਾਬੰਦੀ (ਵਿਤਕਰਾ);
ਅਧਿਆਇ 4	ਵੱਖ-ਵੱਖ ਕਿੱਤਾਕਾਰ:- ਭਿੰਨ ਭਿੰਨ ਕੰਮ-ਧੰਦੇ (ਪੇਸ਼ੇ); ਸੰਬੰਧਤ ਔਜ਼ਾਰ(ਸੰਦ); ਕਾਮਿਆਂ ਨੇ ਆਪਣਾ ਕੰਮ ਅਤੇ ਕੁਸ਼ਲਤਾ ਕਿਵੇਂ ਸਿੱਖੀ; ਲਿੰਗ ਅਤੇ ਕੰਮ-ਧੰਧੇ।
ਅਧਿਆਇ 5	ਜੰਤੂਆਂ ਦੀ ਦੁਨੀਆਂ:- ਜੰਤੂਆਂ ਦੇ ਬਾਹਰੀ ਲੱਛਣ; ਪੰਛੀਆਂ, ਥਣਧਾਰੀਆਂ, ਰੀਂਗਣ ਵਾਲੇ ਜੰਤੂਆਂ ਅਤੇ ਕੀਟਾਂ ਦੁਆਰਾ ਆਪਣੇ ਬੱਚਿਆਂ ਦੀ ਦੇਖਭਾਲ।
ਅਧਿਆਇ 6	ਜੰਤੂ ਅਤੇ ਝੁੰਡ:- ਜੰਤੂਆਂ ਦਾ ਝੁੰਡ ਵਿੱਚ ਵਿਵਹਾਰ; ਜੰਤੂ ਅਤੇ ਮਨੁੱਖੀ ਮੇਲ ਜੋਲ; ਮਧੂ ਮੱਖੀਆਂ /ਤਿਤਲੀਆਂ ਦੁਆਰਾ ਫੁੱਲਾਂ ਤੋਂ ਸ਼ਹਿਦ।
ਅਧਿਆਇ 7	ਪੌਦਿਆਂ ਦੀਆਂ ਜੜ੍ਹਾਂ:- ਜੜ੍ਹਾਂ ਪਾਣੀ ਸੋਖਦੀਆਂ ਹਨ; ਖਾਣਯੋਗ ਜੜਾਂ; ਕਾਲ ਪੈਣ ਸਮੇਂ ਜੜ੍ਹਾਂ ਭੋਜਨ ਵਜੋ; ਹਵਾਈ ਜੜਾਂ।
ਅਧਿਆਇ 8	ਰੰਗ-ਬਰੰਗੇ ਫੁੱਲ:- ਫੁੱਲਦਾਰ ਪੌਦੇ; ਫੁੱਲਾਂ ਦੇ ਮੌਸਮ ਆਕ੍ਰਿਤੀ, ਰੰਗ ਅਤੇ ਸੁਗੰਧੀ ਉੱਤੇ ਆਧਾਰਿਤ ਫੁੱਲਾਂ ਦੀਆਂ ਕਿਸਮਾਂ; ਕਲੀ ਅਤੇ ਫੁੱਲ ਵਿੱਚ ਅੰਤਰ; ਖਾਣਯੋਗ ਫੁੱਲ; ਫੁੱਲਾਂ ਦੇ ਉਪਯੋਗ; ਫੁੱਲਾਂ ਦੇ ਨਮੂਨੇ; ਫੁੱਲਾਂ ਦਾ ਵਪਾਰ,
ਅਧਿਆਇ 9	ਰੁੱਖ ਦੇਣ ਸੁੱਖ:- ਜੰਗਲੀ ਅਤੇ ਘਰੇਲੂ ਪੌਦੇ; ਫਲ ਅਤੇ ਰੁੱਖ; ਰੁੱਖਾਂ ਦੀ ਕਟਾਈ, ਬਚਾਅ ਅਤੇ ਸਾਂਭ ਸੰਭਾਲ।
ਅਧਿਆਇ 10	ਖੇਤ ਤੋਂ ਘਰ ਤੱਕ:- ਕਿਸਾਨਾਂ ਦੁਆਰਾ ਉਗਾਈਆਂ ਜਾਣ ਵਾਲੀਆਂ ਫਸਲਾਂ-ਸਬਜ਼ੀਆਂ, ਅਨਾਜ, ਦਾਲਾਂ, ਤੇਲਾਂ ਵਾਲੇ ਬੀਜ, ਮਸਾਲੇ ਆਦਿ; ਖੇਤਾਂ ਵਿੱਚ ਉਗਾਏ ਜਾਣ ਵਾਲੇ ਫਲ; ਉਪਰੋਕਤ

	ਸਭ ਕੁੱਝ ਨੂੰ ਖੇਤ ਤੋਂ ਮੰਡੀ/ ਬਾਜ਼ਾਰ ਤੱਕ ਅਤੇ ਅੰਤ ਵਿੱਚ ਘਰਾਂ ਤੱਕ ਪਹੁੰਚਾਉਣਾ; ਸੁੰਘਕੇ ਅਤੇ ਖਾ ਕੇ ਮਸਾਲਿਆਂ ਦੀ ਪਹਿਚਾਨਣ।
ਅਧਿਆਇ 11	ਚੰਗਾ ਖਾਈਏ ਸਿਹਤ ਬਣਾਈਏ :- ਭੋਜਨ ਦੀ ਲੋੜ ਅਤੇ ਇਸਦੇ ਪੋਸ਼ਕ ਤੱਤ, ਸੰਤੁਲਿਤ ਭੋਜਨ, ਸਮੂਹਿਕ ਭੋਜਨ- ਲੰਗਰ, ਹੋਸਟਲ ਮੈਂਸ, ਮਿਡ-ਡੇ-ਮੀਲ; ਸਮਾਜਿਕ ਸਮਾਰੋਹ/ ਖ਼ਾਸ ਮੌਕਿਆਂ/ ਤਿਉਹਾਰਾਂ ਸਮੇਂ ਭੋਜਨ ਵਿੱਚ ਵਿਭਿੰਨਤਾ, ਭੋਜਨ ਦੇ ਪੋਸ਼ਕ ਤੱਤ, ਪੇਂਟਰੀ ਕਾਰ।
ਅਧਿਆਇ 12	ਚੁੰਝ ਅਤੇ ਦੰਦ:- ਦੰਦਾਂ ਦੀਆਂ ਕਿਸਮਾਂ, ਦੰਦਾਂ ਦੀ ਸਫਾਈ, ਦੰਦਾਂ ਦੇ ਭਾਗ, ਜੀਭ-ਚੱਖਣਾ ਅਤੇ ਬੋਲਣਾ, ਭਿੰਨ-ਭਿੰਨ ਜੰਤੂਆਂ ਦੇ ਦੰਦ, ਪੰਛੀਆਂ ਦੀਆਂ ਚੁੰਝਾਂ ਅਤੇ ਪੰਜੇ/ ਪਹੁੰਚੇ; ਚੁੰਝਾਂ, ਪੰਜਿਆਂ ਅਤੇ ਦੰਦਾਂ ਦਾ ਭੋਜਨ ਨਾਲ ਸੰਬੰਧ।
ਅਧਿਆਇ 13	ਮਨੁੱਖੀ ਆਵਾਸ:- ਪਿੰਡਾਂ ਅਤੇ ਸ਼ਹਿਰਾਂ ਦੀ ਹੋਂਦ, ਆਦਿ ਮਾਨਵ, ਪੁਰਾਣਾ ਸਮਾਂ, ਪਿੰਡ, ਸ਼ਹਿਰ ਵਿਚਲੇ ਮਹੱਤਵਪੂਰਨ ਸਥਾਨ, ਘਰ ਬਣਾਉਣ ਵਿੱਚ ਲੋੜੀਂਦਾ ਸਮਾਨ, ਘਰਾਂ ਦੀ ਯੋਜਨਾ ਬੰਦੀ, ਬਹੁਮੰਜ਼ਲੀ ਘਰ ਅਤੇ ਉਹਨਾਂ ਦੀ ਲੋੜ, ਝੁੱਗੀ-ਝੋਪੜੀ ਬਸਤੀਆਂ, ਸਹੂਲਤਾਂ ਵਿਹੂਣੇ ਲੋਕ।
ਅਧਿਆਇ 14	ਜੀਵ ਜੰਤੂਆਂ ਦਾ ਆਵਾਸ:- ਜੰਗਲੀ ਜੀਵ ਅਤੇ ਉਨ੍ਹਾਂ ਦਾ ਆਵਾਸ/ਪਾਲਤੂ ਜੀਵ, ਉਨ੍ਹਾਂ ਦਾ ਆਵਾਸ, ਜਲੀ ਜੰਤੂਆਂ ਦਾ ਆਵਾਸ, ਪੰਛੀਆਂ ਦੇ ਆਵਾਸ, ਆਵਾਸ ਦਾ ਸੁਰੱਖਿਅਣ।
ਅਧਿਆਇ 15	ਆਵਾਸ ਸਵੱਛਤਾ:- ਘਰਾਂ ਦਾ ਵਿਅਰਥ/ ਕੂੜਾ ਕਰਕਟ ਇਸ ਦੀ ਰਚਨਾ ਅਤੇ ਵਖਰੇਵਾਂ; ਕੂੜੇ-ਕਰਕਟ ਦਾ ਪ੍ਰਬੰਧਨ ਅਤੇ ਨਿਪਟਾਰਾ, ਦੁਬਾਰਾ ਵਰਤਣ ਅਤੇ ਪੁਨਰ ਚੱਕਰ।
ਅਧਿਆਇ 16	ਪਾਣੀ ਦਾ ਸੰਜਮ:- ਖੇਤੀ ਲਈ ਪਾਣੀ ਦੀ ਲੋੜ, ਪਾਣੀ ਦੀ ਬੱਚਤ ਦੇ ਢੰਗ।
ਅਧਿਆਇ 17	ਪਾਣੀ ਪ੍ਰਦੂਸ਼ਣ:- ਪਾਣੀ ਦਾ ਗੰਦਾ ਹੋਣਾ, ਕਾਰਨ, ਜਲ ਸੋਧਣ ਪਲਾਂਟ, ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬੀਮਾਰੀਆਂ, ਪ੍ਰਦੂਸ਼ਣ ਰੋਕਣ ਲਈ ਉਪਾਅ, ਕਾਲੀ ਵੇਂਈ ਦੀ ਸਫ਼ਾਈ।
ਅਧਿਆਇ 18	ਪਾਣੀ ਸੰਭਾਲ:- ਪਾਣੀ ਦੀ ਸਟੋਰੇਜ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਸਪਲਾਈ, ਡੈਮ ਵਰਖਾ ਦੇ ਪਾਣੀ ਦਾ ਸੰਗ੍ਰਹਿਣ (Rain water harvesting- ਪਾਣੀ ਦੀ ਬਚਤ ਸੰਬੰਧੀ ਚੰਗੀਆਂ ਆਦਤਾਂ।
ਅਧਿਆਇ 19	ਛੱਕ-ਛੁੱਕ ਰੇਲ:- ਯਾਤਰਾ ਦਾ ਅਨੁਭਵ; ਰੇਲਵੇ ਸਟੇਸ਼ਨ; ਰੇਲਵੇ ਟਿਕਟਾਂ, ਰੇਲਵੇ ਸਮਾਂ ਸਾਰਨੀ; ਰੇਲਵੇ ਯਾਤਰਾ ਦੌਰਾਨ ਭੋਜਨ, ਪਹਿਰਾਵੇ, ਭਾਸ਼ਾ ਅਤੇ ਸੱਭਿਆਚਾਰ ਦੀ ਵਿਭਿੰਨਤਾ; ਧਰਾਤਲ ਦੇ ਵੱਖ-ਵੱਖ ਪ੍ਰਕਾਰ; ਰਸਤੇ ਦੇ ਦ੍ਰਿਸ਼ਾਂ ਵਿੱਚ ਭਿੰਨਤਾ; ਯਾਤਰਾ ਲਈ ਭੁਗਤਾਨ।
ਅਧਿਆਇ 20	ਜਾਣੋ ਆਪਣੀ ਕਰੰਸੀ:- ਕਰੰਸੀ ਨਾਲ ਜਾਣ ਪਛਾਣ- ਨੋਟਾਂ ਅਤੇ ਸਿੱਕਿਆਂ ਉੱਪਰ ਰਾਸ਼ਟਰੀ ਚਿੰਨ੍ਹ, ਵੱਖ-ਵੱਖ ਭਾਸ਼ਾਵਾਂ।
ਅਧਿਆਇ 21	ਇਮਾਰਤਾਂ ਅਤੇ ਪੁੱਲ:- ਇਮਾਰਤਾਂ ਬਨਾਉਣ ਵਾਲੇ ਕਾਰੀਗਰ, ਸਮੱਗਰੀ, ਇੱਟਾਂ ਸੀਮਿੰਟ ਆਦਿ। ਵੱਖ-ਵੱਖ ਤਰ੍ਹਾਂ ਦੇ ਕੱਚੇ-ਪੱਕੇ ਪੁੱਲ।
ਅਧਿਆਇ 22	ਕੰਪਿਊਟਰ ਇੱਕ ਅਨੋਖੀ ਮਸ਼ੀਨ:- ਰਫ਼ਤਾਰ, ਯਾਦਦਾਸ਼ਤ, ਬਹੁਗੁਣਤਾ, ਆਟੋਮੈਟਿਕ, ਕਾਮਾ, ਕੰਪਿਊਟਰ ਦੀ ਵਰਤੋਂ (ਕਿੱਥੇ ਤੇ ਕਿਵੇ)